WERE YOU THE VICTIM OF A HATE CRIME?

WHAT IS A HATE CRIME?

There are many different definitions under state and federal laws. Generally, a hate crime is a crime (e.g., assault, vandalism) committed because of bias against the victim's race, religion, ethnicity, or national origin. If you believe someone committed a crime against you or your property because you are Sikh, South Asian, Punjabi or Indian, it may be a hate crime.

ਕੀ ਤੁਸੀਂ ਨਫ਼ਰਤ ਤੋਂ ਉਪਜੀ ਹੇਟ ਕਰਾਈਮ ਦੇ ਸ਼ਿਕਾਰ ਹੋਏ ਹੋ?

ਹੇਟ ਕਰਾਈਮ (ਨਸਲੀ ਹਿੰਸਾ) ਕੀ ਹੈ?

ਸਟੇਟ ਅਤੇ ਫੈਡਰਲ ਕਾਨੂੰਨ ਦੇ ਅਧੀਨ ਹੇਟ ਕਰਾਇਮ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਪਰਿਭਾਸ਼ਾਵਾਂ ਮਿਲਦੀਆਂ ਹਨ। ਆਮ ਤੌਰ 'ਤੇ ਹੇਟ ਕਰਾਈਮ ਪੱਖਪਾਤ ਅਤੇ ਨਫ਼ਰਤ ਤੋਂ ਉਪਜਿਆ ਹੋਇਆ ਇਕ ਅਜਿਹਾ ਜੁਰਮ ਹੈ (ਜਿਵੇਂ ਕਿ ਕੁੱਟ-ਮਾਰ, ਤੋੜ-ਭੰਨ ਕਰਨੀ) ਜਿਹੜਾ ਕਿਸੇ ਵਿਅਕਤੀ ਨਾਲ ਉਸ ਦੀ ਵੱਖਰੀ ਧਾਰਮਿਕ, ਨਸਲੀ ਪਛਾਣ ਜਾਂ ਨਾਗਰਿਕਤਾ ਕਰਕੇ ਕੀਤਾ ਜਾਂਦਾ ਹੈ। ਜੇਕਰ ਤੁਸੀਂ ਸਮਝਦੇ ਹੋ ਕਿ ਕਿਸੇ ਨੇ ਤੁਹਾਡੇ ਨਾਲ ਕੁੱਟ-ਮਾਰ ਜਾਂ ਤੁਹਾਡੀ ਜਾਇਦਾਦ ਦੀ ਤੋੜ-ਭੰਨ ਜਾਂ ਨੁਕਸਾਨ ਇਸ ਲਈ ਕੀਤਾ ਹੈ ਕਿਉਂਕਿ ਤੁਸੀਂ ਸਿੱਖ, ਦੱਖਣੀ ਏਸ਼ੀਆਈ, ਪੰਜਾਬੀ ਜਾਂ ਭਾਰਤੀ ਹੋ ਤਾਂ ਅਜਿਹੀ ਘਟਨਾ ਨੂੰ ਨਫ਼ਰਤ ਤੋਂ ਉਪਜੀ ਹੋਈ ਹੇਟ ਕਰਾਈਮ ਮੰਨਿਆ ਜਾ ਸਕਦਾ ਹੈ।

EXAMPLES OF POSSIBLE HATE CRIMES:

- A Sikh turban, beard, or dupatta/chunni (Punjabi scarf) is targeted and ripped off during an assault.
- A Sikh is attacked and called "ISIS," "Bin Laden," or "terrorist."
- A Sikh gurdwara is vandalized with racial slurs.

ਆਮ ਤੌਰ 'ਤੇ ਹੇਟ ਕਰਾਈਮ ਹੇਠ ਲਿਖੇ ਤਰੀਕਿਆਂ ਨਾਲ ਵਾਪਰ ਸਕਦੀ ਹੈ:

- ਸਿੱਖ ਪਗੜੀ, ਦਾਹੜੀ ਜਾਂ ਚੁੰਨੀ ਨੂੰ ਨਿਸ਼ਾਨਾ ਬਣਾ ਕੇ ਕੁੱਟ-ਮਾਰ ਦੇ ਦੌਰਾਨ ਉਨ੍ਹਾਂ ਦੀ ਖਿੱਚ-ਧੂਹ ਕੀਤੀ ਜਾਣੀ।
- ਸਿੱਖ ਵਿਅਕਤੀ ਉੱਤੇ ਹਮਲਾ ਕੀਤਾ ਜਾਣਾ ਅਤੇ ਉਸ ਨੂੰ "ਆਈਸਿਸ", "ਬਿਨ ਲਾਦੇਨ", ਜਾਂ "ਅੱਤਵਾਦੀ" ਨਾਵਾਂ ਨਾਲ ਬੁਲਾਇਆ ਜਾਂ ਛੇੜਿਆ ਜਾਣਾ।
- ਸਿੱਖ ਗੁਰਦੁਆਰੇ ਵਿੱਚ ਨਸਲੀ ਗਾਲ੍ਹਾਂ ਕੱਢਦੇ ਹੋਏ ਤੋੜ-ਭੰਨ ਅਤੇ ਨੁਕਸਾਨ ਕੀਤਾ ਜਾਣਾ।

IF YOU THINK YOU WERE THE VICTIM OF A HATE CRIME:

Call 911 and report the incident to the local police and/or the FBI immediately.
(Please share as many details as possible about who, what, when, why, and where the crime took place. Make sure to mention any racial slurs used against you and why you think you were attacked.)

If necessary, seek medical attention immediately.

Report the crime to the Sikh Coalition's legal team at www.sikhcoalition.org/legalhelp or call us at 212-655-3095.
(If possible, please contact the Sikh Coalition before speaking to the media. Releasing certain information publicly could be harmful to a criminal case.)

ਜੇਕਰ ਤੁਸੀਂ ਸਮਝਦੇ ਹੋ ਕਿ ਤੁਸੀਂ ਹੇਟ ਕਰਾਈਮ ਦਾ ਸ਼ਿਕਾਰ ਹੋਏ ਹੋ:

ਲੋਕਲ ਪੁਲਿਸ ਜਾਂ ਐੱਫ ਬੀ ਆਈ ਨੂੰ 911 'ਤੇ ਫ਼ੋਨ ਕਰਕੇ ਘਟਨਾ ਬਾਰੇ ਤੁਰੰਤ ਸੂਚਿਤ ਕਰੋ। (ਕਿਰਪਾ ਕਰਕੇ ਪੁਲਿਸ ਨੂੰ ਘਟਨਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿਓ, ਜਿਵੇਂ ਅਪਰਾਧੀ ਕੌਣ ਸੀ, ਘਟਨਾ ਕਿੱਥੇ, ਕਦੋਂ, ਕਿਵੇਂ ਅਤੇ ਕਿਉਂ ਵਾਪਰੀ, ਤੁਹਾਨੂੰ ਕੱਢੀਆਂ ਗਈਆਂ ਨਸਲੀ ਗਾਲ੍ਹਾਂ ਅਤੇ ਤੁਸੀਂ ਕੀ ਸੋਚਦੇ ਹੋ ਕਿ ਤੁਹਾਡੇ 'ਤੇ ਹਮਲਾ ਕਿਉਂ ਕੀਤਾ ਗਿਆ; ਬਾਰੇ ਸਾਰੀ ਜਾਣਕਾਰੀ ਪੁਲਿਸ ਨੂੰ ਦੱਸੋ)।

ਜੇਕਰ ਜ਼ਰੂਰੀ ਸਮਝੀ ਜਾਵੇ ਤਾਂ, ਤੁਰੰਤ ਮੈਡੀਕਲ ਸਹਾਇਤਾ ਪ੍ਰਾਪਤ ਕਰੋ।

ਘਟਨਾ ਬਾਰੇ ਜਾਣਕਾਰੀ ਸਿੱਖ ਕੁਲੀਸ਼ਨ ਦੀ ਕਾਨੂੰਨੀ ਟੀਮ ਨੂੰ **212-655-3095** 'ਤੇ ਕਾਲ ਕਰੋ ਜਾਂ **www.sikhcoalition.org/legalhelp**'ਤੇ ਦਿਓ।
(ਜੇਕਰ ਸੰਭਵ ਹੋ ਸਕੇ, ਤਾਂ ਮੀਡੀਆ ਨਾਲ ਗੱਲ-ਬਾਤ ਕਰਨ ਤੋਂ ਪਹਿਲਾਂ ਕਿਰਪਾ ਕਰਕੇ ਸਿੱਖ ਕੁਲੀਸ਼ਨ ਨਾਲ ਸੰਪਰਕ ਕੀਤਾ ਜਾਵੇ ਕਿਉਂਕਿ ਕਈ ਜਾਣਕਾਰੀਆਂ ਜਨਤਕ ਕਰਨ ਨਾਲ ਤੁਹਾਡਾ ਕੇਸ ਕਮਜ਼ੋਰ ਹੋ ਸਕਦਾ ਹੈ।)

The Sikh Coalition is available as a free legal resource to advise you of your rights, navigate the criminal justice system, raise awareness about Sikhs in the media, and push for hate crime investigations/prosecutions where appropriate.

THE SIKHCOALITION
the voice of a people

www.sikhcoalition.org/legalhelp
212-655-3095

ਸਿੱਖ ਕੁਲੀਸ਼ਨ ਮੁਫ਼ਤ ਕਾਨੂੰਨੀ ਸਹਾਇਤਾ, ਤੁਹਾਨੂੰ ਤੁਹਾਡੇ ਹੱਕਾਂ ਬਾਰੇ ਜਾਣਕਾਰੀ ਦੇਣ, ਅਪਰਾਧਕ ਕੇਸਾਂ ਦੀ ਪੈਰਵਾਈ ਕਰਨ, ਲੋਕਾਂ ਨੂੰ ਮੀਡੀਆ ਵਿੱਚ ਸਿੱਖਾਂ ਬਾਰੇ ਸਹੀ ਜਾਣਕਾਰੀ ਦੇ ਕੇ ਜਾਗਰੂਕ ਕਰਨ, ਅਤੇ ਜਿੱਥੇ ਜ਼ਰੂਰੀ ਹੋਵੇ, ਨਫ਼ਰਤੀ ਹਿੰਸਾ/ ਅਪਰਾਧ ਦੇ ਕੇਸਾਂ ਦੀ ਪੜਤਾਲ ਆਦਿ ਕਰਾਉਣ ਵਰਗੀਆਂ ਸਾਰੀਆਂ ਸੇਵਾਵਾਂ ਲਈ ਹਮੇਸ਼ਾ ਉਪਲਬਧ ਅਤੇ ਹਾਜ਼ਰ ਹੈ।